# Punjab Government Gazette

## EXTRAORDINARY

*Published by Authority*

CHANDIGARH, SATURDAY, FEBRUARY 14, 2026
(MAGHA 25, 1947 SAKA)

ਵਿਧਾਨਕ ਅਨੁਪੂਰਕ

ਮਜ਼ਮੂਨ ਪੰਨੇ

ਭਾਗ I ਐਕਟ

1. ਪੰਜਾਬ ਵਿਆਹ ਲਾਜ਼ਮੀ ਰਜਿਸਟਰੀਕਰਣ ਐਕਟ, 2012 (2013 ਦਾ ਪੰਜਾਬ ਐਕਟ ਨੰ. 1) ... 187-198
2. ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਬੋਰਡ ਐਕਟ, 2013 (2013 ਦਾ ਪੰਜਾਬ ਐਕਟ ਨੰ. 29) ... 199-204

ਭਾਗ II ਆਰਡੀਨੈਂਸ

*ਕੋਈ ਨਹੀਂ*

ਭਾਗ III ਅਧੀਨ ਵਿਧਾਨਕਾਰੀ

*ਕੋਈ ਨਹੀਂ*

ਭਾਗ IV ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ

*ਕੋਈ ਨਹੀਂ*

———

ਭਾਗ–**I**

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 13 ਫਰਵਰੀ, 2026

ਨੰ. 15/ਭ:ਕ/2026.— ਪੰਜਾਬ ਵਿਆਹ ਲਾਜ਼ਮੀ ਰਜਿਸਟਰੀਕਰਣ ਐਕਟ, 2012 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 13th February, 2026

**No. 15/L.C./2026.**— The Translation in Punjabi of the Punjab Compulsory Registration of Marriages Act, 2012 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਵਿਆਹ ਲਾਜ਼ਮੀ ਰਜਿਸਟਰੀਕਰਣ ਐਕਟ, 2012

(2013 ਦਾ ਪੰਜਾਬ ਐਕਟ ਨੰ. 1)

ਧਿਰਾਂ ਨੂੰ ਉਹਨਾਂ ਦੇ ਧਰਮ, ਜਾਤ, ਮਤ ਜਾਂ ਕੌਮੀਅਤ ਦੇ ਬਿਨਾਂ ਲਿਹਾਜ਼ ਤੋਂ ਸ਼ਾਸਤ ਕਰਨ ਵਾਲੇ ਕਿਸੇ ਕਾਨੂੰਨ ਅਧੀਨ ਸੰਸਕਾਰੇ ਵਿਆਹਾਂ ਦਾ ਲਾਜ਼ਮੀ ਰਜਿਸਟਰੀਕਰਣ ਅਤੇ ਇਸ ਨਾਲ ਸੰਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤਰੇਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਵਿਆਹ ਲਾਜ਼ਮੀ ਰਜਿਸਟਰੀਕਰਣ ਐਕਟ, 2012 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ, ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸਦੇ ਨਮਿੱਤ ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਮੁੱਖ ਰਜਿਸਟਰਾਰ, ਵਿਆਹ" ਦਾ ਮਤਲਬ ਹੈ ਧਾਰਾ 9 ਅਧੀਨ ਰਾਜ ਸਰਕਾਰ ਦੁਆਰਾ ਅਜਿਹੇ ਤੌਰ 'ਤੇ ਨਿਯੁਕਤ ਕੀਤਾ ਗਿਆ ਮੁੱਖ ਰਜਿਸਟਰਾਰ, ਵਿਆਹ;

(ਅ) "ਜ਼ਿਲ੍ਹਾ ਰਜਿਸਟਰਾਰ, ਵਿਆਹ" ਦਾ ਮਤਲਬ ਹੈ ਧਾਰਾ 10 ਅਧੀਨ ਰਾਜ ਸਰਕਾਰ ਦੁਆਰਾ ਇੱਕ ਜ਼ਿਲ੍ਹੇ ਲਈ ਅਜਿਹੇ ਤੌਰ 'ਤੇ ਨਿਯੁਕਤ ਕੀਤਾ ਗਿਆ ਜ਼ਿਲ੍ਹਾ ਰਜਿਸਟਰਾਰ, ਵਿਆਹ;

(ੲ) "ਬਦੇਸ਼ੀ ਰਾਸ਼ਟਰਿਕ" ਦਾ ਮਤਲਬ ਹੈ ਕੋਈ ਵਿਅਕਤੀ ਜੋ ਭਾਰਤ ਦਾ ਨਾਗਰਿਕ ਨਹੀਂ ਹੈ ਅਤੇ ਇਸ ਵਿੱਚ ਭਾਰਤੀ ਮੂਲ ਦੇ ਵਿਅਕਤੀ (ਪੀ.ਆਈ.ਓ.) ਅਤੇ ਭਾਰਤ ਦੇ ਬਦੇਸ਼ੀ ਨਾਗਰਿਕ (ਓ.ਸੀ.ਆਈ.) ਸ਼ਾਮਲ ਹੋਣਗੇ;

(ਸ) "ਵਿਆਹ" ਦਾ ਮਤਲਬ ਹੈ ਅਤੇ ਜਿਸ ਵਿੱਚ ਪੰਜਾਬ ਰਾਜ ਵਿੱਚ ਹੇਠ-ਲਿਖੇ ਐਕਟਾਂ, ਰਿਵਾਜ਼ਾਂ ਜਾਂ ਕਾਨੂੰਨਾਂ ਵਿੱਚੋਂ ਕਿਸੇ ਦੇ ਵੀ ਅਧੀਨ ਸੰਸਕਾਰਿਆ ਵਿਆਹ ਸ਼ਾਮਲ ਹੈ, ਅਰਥਾਤ:-

(i) ਭਾਰਤੀ ਈਸਾਈ ਵਿਆਹ ਐਕਟ, 1872 (1872 ਦਾ 15);

(ii) ਅਨੰਦ ਵਿਆਹ ਐਕਟ, 1909 (1909 ਦਾ 7);

(iii) ਮੁਸਲਿਮ ਨਿੱਜੀ ਕਾਨੂੰਨ (ਸ਼ਰੀਅਤ) ਲਾਗੂਕਰਨ ਐਕਟ, 1937 (1937 ਦਾ 26);

(iv) ਹਿੰਦੂ ਵਿਆਹ ਐਕਟ, 1955 (1955 ਦਾ 25); ਜਾਂ

(v) ਵਿਆਹਾਂ ਨਾਲ ਸੰਬੰਧਤ ਕੋਈ ਹੋਰ ਰਿਵਾਜ਼ ਜਾਂ ਨਿੱਜੀ ਕਾਨੂੰਨ;

(ਹ) "ਵਿਆਹ ਰਜਿਸਟਰ" ਦਾ ਮਤਲਬ ਹੈ ਇਸ ਐਕਟ ਅਧੀਨ ਰੱਖੇ ਗਏ ਵਿਆਹਾਂ ਦਾ ਰਜਿਸਟਰ;

(ਕ) "ਨਗਰਪਾਲਕਾ" ਦਾ ਮਤਲਬ ਹੈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243ਠ ਅਧੀਨ ਗਠਤ ਸਵੈ-ਸ਼ਾਸਨ ਦੀ ਸੰਸਥਾ;

(ਖ) "ਅਣ-ਨਿਵਾਸੀ ਭਾਰਤੀ" (ਐੱਨ.ਆਰ.ਆਈ) ਦਾ ਮਤਲਬ ਹੈ ਭਾਰਤੀ ਮੂਲ ਦਾ ਵਿਅਕਤੀ, ਜੋ ਹੇਠ-ਲਿਖੇ ਕਿਸੇ ਵੀ ਪ੍ਰਯੋਜਨਾਂ ਲਈ ਸਥਾਈ ਤੌਰ 'ਤੇ ਜਾਂ ਅਸਥਾਈ ਤੌਰ 'ਤੇ ਭਾਰਤ ਤੋਂ ਬਾਹਰ ਵਸਿਆ ਹੋਇਆ ਹੈ,–

(i) ਭਾਰਤ ਤੋਂ ਬਾਹਰ ਰੋਜ਼ਗਾਰ ਲਈ ਜਾਂ ਅਪਣਾਉਣ ਲਈ; ਜਾਂ

(ii) ਭਾਰਤ ਤੋਂ ਬਾਹਰ ਕਿਸੇ ਕਾਰੋਬਾਰ ਜਾਂ ਕਿੱਤੇ ਨੂੰ ਕਰਨ ਲਈ; ਜਾਂ

(iii) ਕਿਸੇ ਹੋਰ ਪ੍ਰਯੋਜਨ ਲਈ, ਜੋ ਅਜਿਹੇ ਹਾਲਾਤਾਂ ਵਿੱਚ ਭਾਰਤ ਦੀਆਂ ਰਾਜ-ਖੇਤਰੀ ਸੀਮਾਵਾਂ ਤੋਂ ਬਾਹਰ ਅਜਿਹੇ ਪ੍ਰਯੋਜਨ ਨੂੰ ਪੂਰਾ ਕਰਨ ਜਾਂ ਮੁਕੰਮਲ ਕਰਨ ਲਈ ਇੱਕ ਅਨਿਸ਼ਚਿਤ ਜਾਂ ਨਿਰਧਾਰਤ ਮੁੱਦਤ ਲਈ ਰਹਿਣ ਦੇ ਉਸਦੇ ਇਰਾਦੇ ਨੂੰ ਦਰਸਾਵੇਗਾ;

(ਗ) "ਪੰਚਾਇਤ" ਦਾ ਮਤਲਬ ਹੈ ਪੇਂਡੂ ਖੇਤਰਾਂ ਲਈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243ਅ ਅਧੀਨ ਗਠਤ ਸਵੈ-ਸ਼ਾਸਨ ਦੀ ਇੱਕ ਸੰਸਥਾ (ਜਿਸ ਕਿਸੇ ਵੀ ਨਾਂ ਨਾਲ ਬੁਲਾਇਆ ਜਾਂਦਾ ਹੋਵੇ);

(ਘ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਙ) "ਪੁਜਾਰੀ" ਦਾ ਮਤਲਬ ਹੈ ਕਿਸੇ ਵੀ ਧਰਮ ਦੇ ਧਾਰਮਿਕ ਰੀਤਾਂ ਦੀ ਪਾਲਣਾ ਕਰਨ ਵਾਲਾ ਕੋਈ ਵਿਅਕਤੀ ਅਤੇ ਜਿਸਨੇ ਰਜਿਸਟਰਸ਼ੁਦਾ ਕਰਨਾ ਚਾਹਿਆ ਗਿਆ ਵਿਆਹ ਸੰਸਕਾਰਿਆ ਹੈ;

(ਚ) "ਰਜਿਸਟਰਾਰ, ਵਿਆਹ" ਦਾ ਮਤਲਬ ਹੈ ਧਾਰਾ 11 ਅਧੀਨ ਰਾਜ ਸਰਕਾਰ ਦੁਆਰਾ ਅਜਿਹੇ ਤੌਰ ਤੇ ਨਿਯੁਕਤ ਕੀਤਾ ਗਿਆ ਰਜਿਸਟਰਾਰ, ਵਿਆਹ; ਅਤੇ

(ਛ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਹਰੇਕ ਵਿਆਹ ਦਾ ਰਜਿਸਟਰਸ਼ੁਦਾ ਹੋਣਾ।

3. ਇਸ ਐਕਟ ਦੇ ਆਰੰਭ ਹੋਣ 'ਤੇ ਜਾਂ ਪਿੱਛੋਂ, ਅਨੰਦ ਵਿਆਹ ਐਕਟ, 1909 ਅਧੀਨ ਰਜਿਸਟਰਸ਼ੁਦਾ ਵਿਆਹ ਨੂੰ ਛੱਡ ਕੇ ਹਰੇਕ ਵਿਆਹ,

(i) ਧਿਰਾਂ ਵਿਚਕਾਰ, ਜੋ ਭਾਰਤੀ ਰਾਸ਼ਟਰਿਕ ਹਨ; ਜਾਂ

(ii) ਧਿਰਾਂ ਵਿਚਕਾਰ, ਜਿਨ੍ਹਾਂ ਵਿੱਚੋਂ ਘੱਟੋ-ਘੱਟ ਇੱਕ ਭਾਰਤ ਦਾ ਨਾਗਰਿਕ ਹੋਵੇ ਅਤੇ ਹੋਰ ਇੱਕ ਅਣ-ਨਿਵਾਸੀ ਭਾਰਤੀ ਜਾਂ ਬਦੇਸ਼ੀ ਰਾਸ਼ਟਰਿਕ ਹੈ,

ਧਰਮ, ਜਾਤ, ਮਤ ਜਾਂ ਕੌਮੀਅਤ ਦੇ ਬਿਨਾਂ ਲਿਹਾਜ ਪਾਲਣ ਕੀਤੇ ਜਾਂ ਸੰਸਕਾਰੇ ਗਏ, ਨੂੰ ਧਾਰਾ 4 ਵਿੱਚ ਉਪਬੰਧਤ ਕੀਤੇ ਤਰੀਕੇ ਨਾਲ ਰਜਿਸਟਰਸ਼ੁਦਾ ਕੀਤਾ ਜਾਵੇਗਾ:

ਪਰੰਤੂ ਕਿਸੇ ਵਿਆਹ ਦੀ ਸੂਰਤ ਵਿੱਚ, ਜਿੱਥੇ ਇੱਕ ਧਿਰ ਅਣ-ਨਿਵਾਸੀ ਭਾਰਤੀ ਜਾਂ ਬਦੇਸ਼ੀ ਰਾਸ਼ਟਰਿਕ ਹੈ, ਤਾਂ ਅਜਿਹੀਆਂ ਧਿਰਾਂ ਲਈ ਆਪਣਾ/ਆਪਣਾ ਪਾਸਪੋਰਟ ਨੰਬਰ, ਉਸ ਦੇਸ਼ ਦਾ ਨਾਮ ਜਿਸ ਵੱਲੋਂ ਇਹ ਜਾਰੀ ਕੀਤਾ ਗਿਆ ਹੈ ਅਤੇ ਇਸਦੀ ਜਾਇਜ਼ਤਾ ਦੀ ਮੁੱਦਤ, ਮੌਜੂਦਾ ਬਦੇਸ਼ੀ ਨਿਵਾਸ ਦੇ ਦੇਸ਼ ਵਿੱਚ ਉਸਦਾ/ਉਸਦਾ ਸਥਾਈ ਰਿਹਾਇਸ਼ੀ/ਸਰਕਾਰੀ ਪਤਾ ਅਤੇ ਉਸਦਾ/ਉਸਦਾ ਜਾਇਜ਼, ਮੌਜੂਦਾ ਸਮਾਜਿਕ ਸੁਰੱਖਿਆ ਨੰਬਰ ਜਾਂ ਬਦੇਸ਼ੀ ਨਿਵਾਸ ਦੇ ਦੇਸ਼ ਦੁਆਰਾ ਸਰਕਾਰੀ ਤੌਰ 'ਤੇ ਜਾਰੀ

ਕੀਤੇ ਗਏ ਕਿਸੇ ਹੋਰ ਅਜਿਹੇ ਸਨਾਖ਼ਤ ਦੇ ਸਬੂਤ ਦਾ ਪ੍ਰਗਟਾਵਾ ਅਤੇ ਲਿਖਤੀ ਰੂਪ ਵਿੱਚ ਜ਼ਿਕਰ ਕਰਨਾ ਲਾਜ਼ਮੀ ਹੋਵੇਗਾ, ਜਿਸਦੀ ਸੂਚਨਾ ਵਿਆਹ ਦੇ ਸਰਟੀਫ਼ਿਕੇਟ ਅਤੇ ਵਿਆਹ ਰਜਿਸਟਰ ਵਿੱਚ ਵੀ ਦਰਜ ਕੀਤੀ ਜਾਵੇਗੀ।

ਵਿਆਹ ਦਾ ਯਾਦ-ਪੱਤਰ।

4. (1) ਵਿਆਹ ਦੀਆਂ ਧਿਰਾਂ ਜਾਂ ਉਨ੍ਹਾਂ ਦੇ ਮਾਪਿਆਂ ਜਾਂ ਰਿਸ਼ਤੇਦਾਰਾਂ ਵਿੱਚੋਂ ਕੋਈ ਵੀ, ਅਜਿਹੇ ਰੂਪ ਵਿੱਚ ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਯਾਦ-ਪੱਤਰ ਤਿਆਰ ਕਰਨਗੇ ਅਤੇ ਉਸ 'ਤੇ ਦਸਖ਼ਤ ਕਰਨਗੇ, ਅਤੇ ਇਸਨੂੰ ਵਿਆਹ ਦੀ ਤਰੀਕ ਤੋਂ ਤਿੰਨ ਮਹੀਨੇ ਦੀ ਮੁੱਦਤ ਦੇ ਅੰਦਰ, ਧਾਰਾ 5 ਦੇ ਉਪਬੰਧਾਂ ਅਨੁਸਾਰ ਰਜਿਸਟਰਾਰ, ਵਿਆਹ ਨੂੰ ਦੂਜੀ ਨਕਲ ਵਿੱਚ ਪੇਸ਼ ਕਰਨਗੇ।

(2) ਯਾਦ-ਪੱਤਰ ਪੁਜਾਰੀ ਦੁਆਰਾ ਵੀ ਦਸਖ਼ਤ ਕੀਤਾ ਜਾਵੇਗਾ।

(3) ਯਾਦ-ਪੱਤਰ ਅਦਾਲਤ ਫ਼ੀਸ ਅਸ਼ਟਾਮਾਂ ਦੇ ਰੂਪ ਵਿੱਚ ਅਜਿਹੀ ਫ਼ੀਸ ਨਾਲ ਦਿੱਤਾ ਜਾਵੇਗਾ ਅਤੇ ਅਜਿਹੇ ਵਿਅਕਤੀ ਦੁਆਰਾ ਤਸਦੀਕ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਜਿੱਥੇ ਵਿਆਹ ਰਜਿਸਟਰਾਰ, ਜਿਸ ਦੇ ਅੱਗੇ ਉਪ-ਧਾਰਾ (1) ਅਧੀਨ ਯਾਦ-ਪੱਤਰ ਪੇਸ਼ ਕੀਤਾ ਜਾਂਦਾ ਹੈ, ਛਾਣ-ਬੀਣ 'ਤੇ ਇਹ ਪਾਉਂਦਾ ਹੈ ਜਾਂ ਉਸ ਕੋਲ ਕਿਸੇ ਹੋਰ ਤਰ੍ਹਾਂ ਨਾਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ,–

(ੳ) ਧਿਰਾਂ ਵਿਚਕਾਰ ਵਿਆਹ ਦੀ ਰਸਮ, ਧਿਰਾਂ 'ਤੇ ਲਾਗੂ ਨਿੱਜੀ ਕਾਨੂੰਨ ਦੀ ਅਨੁਸਾਰਤਾ ਵਿੱਚ ਨਹੀਂ ਹੋਈ ਹੈ; ਜਾਂ

(ਅ) ਧਿਰਾਂ ਦੀ ਸ਼ਨਾਖ਼ਤ ਦੀ ਗਵਾਹੀ ਦੇਣ ਵਾਲੇ ਗਵਾਹਾਂ ਜਾਂ ਵਿਅਕਤੀਆਂ ਦੀਆਂ ਧਿਰਾਂ ਦੀ ਸਨਾਖ਼ਤ, ਅਤੇ ਵਿਆਹ ਦਾ ਸੰਸਕਾਰਣ ਵਾਜਬ ਸ਼ੱਕ ਤੋਂ ਪਰ੍ਹੇ ਸਥਾਪਤ ਨਹੀਂ ਹੁੰਦਾ; ਜਾਂ

(ੲ) ਉਕਤ ਯਾਦ-ਪੱਤਰ ਨਾਲ ਨੱਥੀ ਦਸਤਾਵੇਜ਼ ਧਿਰਾਂ ਦੀ ਵਿਆਹਕ ਸਥਿਤੀ ਨੂੰ ਸਾਬਤ ਨਹੀਂ ਕਰਦੇ,

ਉਹ, ਧਿਰਾਂ ਨੂੰ ਸੁਣਨ ਅਤੇ ਅਜਿਹਾ ਕਰਨ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰਨ ਪਿੱਛੋਂ, ਵਿਆਹ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰ ਸਕੇਗਾ, ਅਤੇ –

(i) ਧਿਰਾਂ ਨੂੰ ਅਜਿਹੀ ਹੋਰ ਸੂਚਨਾ ਜਾਂ ਦਸਤਾਵੇਜ਼ਾਂ ਨੂੰ ਪੇਸ਼ ਕਰਨ ਲਈ ਕਹਿ ਸਕੇਗਾ, ਜੋ ਉਹ ਧਿਰਾਂ ਅਤੇ ਗਵਾਹਾਂ ਦੀ ਸ਼ਨਾਖ਼ਤ ਜਾਂ ਉਸ ਨੂੰ ਪੇਸ਼ ਕੀਤੀ ਗਈ ਸੂਚਨਾ ਜਾਂ ਦਸਤਾਵੇਜ਼ਾਂ ਦੀ ਸ਼ੁੱਧਤਾ ਨੂੰ ਸਥਾਪਤ ਕਰਨ ਲਈ ਜਾਂ ਲਿਖਤੀ ਰੂਪ ਵਿੱਚ ਉਲਿੱਖਤ ਕੀਤੇ ਗਏ ਕਿਸੇ ਹੋਰ ਕਾਰਨ ਕਰਕੇ ਜ਼ਰੂਰੀ ਸਮਝਦਾ ਹੈ; ਜਾਂ

(ii) ਜੇ ਜ਼ਰੂਰੀ ਸਮਝਿਆ ਜਾਵੇ, ਤਾਂ ਸੁਸੰਗਤ ਦਸਤਾਵੇਜ਼ਾਂ ਨੂੰ ਸਬੰਧਤ ਸਰਕਾਰੀ ਏਜੰਸੀ ਕੋਲ ਤਸਦੀਕ ਲਈ ਭੇਜ ਸਕੇਗਾ ਜਿਸ ਦੀ ਅਧਿਕਾਰਤਾ ਅੰਦਰ ਧਿਰਾਂ ਰਹਿੰਦੀਆਂ ਹਨ।

(5) ਜਿੱਥੇ ਉਸਨੂੰ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਪੜਤਾਲ ਕਰਨ 'ਤੇ ਜਾਂ ਜਿਵੇਂ ਉਪ-ਧਾਰਾ (4) ਅਧੀਨ ਉਪਬੰਧਤ ਕੀਤੇ ਅਨੁਸਾਰ ਹੋਰ ਸੂਚਨਾ 'ਤੇ, ਵਿਆਹ ਰਜਿਸਟਰਾਰ ਸੰਤੁਸ਼ਟ ਹੁੰਦਾ ਹੈ ਕਿ ਵਿਆਹ ਨੂੰ ਰਜਿਸਟਰ ਕਰਨ 'ਤੇ ਕੋਈ ਇਤਰਾਜ਼ ਨਹੀਂ ਹੈ, ਤਾਂ ਉਹ ਮੁਕੱਰਰ ਮੁੱਦਤ ਦੇ ਅੰਦਰ ਉਸੇ ਵਿਆਹ ਨੂੰ ਰਜਿਸਟਰ ਵਿੱਚ ਦਰਜ ਕਰੇਗਾ। ਜੇ ਵਿਆਹ ਰਜਿਸਟਰਾਰ ਦੀ ਰਾਏ ਵਿੱਚ, ਵਿਆਹ ਰਜਿਸਟਰੀਕਰਣ ਲਈ ਢੁੱਕਵਾਂ ਨਹੀਂ ਹੈ, ਤਾਂ ਉਹ ਇਸਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰਨ ਪਿੱਛੋਂ, ਇਨਕਾਰੀ ਦਾ ਹੁਕਮ ਪਾਸ ਕਰੇਗਾ ਅਤੇ ਉਸਦੀ ਇੱਕ ਨਕਲ ਜ਼ਿਲ੍ਹਾ ਵਿਆਹ ਰਜਿਸਟਰਾਰ ਨੂੰ ਭੇਜੇਗਾ।

(6) ਉਪ-ਧਾਰਾ (5) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਵਿਆਹ ਰਜਿਸਟਰਾਰ ਜਾਂ ਤਾਂ ਆਪਣੇ ਆਪ ਜਾਂ ਕਿਸੇ ਹੋਰ ਤਰ੍ਹਾਂ ਨਾਲ, ਧਿਰਾਂ ਨੂੰ ਬੁਲਾਉਣ ਅਤੇ ਵਿਆਹ ਦੇ ਰਜਿਸਟਰੀਕਰਣ ਲਈ ਲੋੜੀਂਦੇ ਤੱਥਾਂ ਦੇ ਨਿਸ਼ਚੇ ਕਰਨ ਪਿੱਛੋਂ, ਕਿਸੇ ਵੀ ਵਿਆਹ ਨੂੰ, ਜੋ ਉਸਦੀ ਅਧਿਕਾਰਤਾ ਵਿੱਚ ਹੁੰਦਾ ਹੈ, ਵਿਆਹਾਂ ਦੇ ਰਜਿਸਟਰ ਵਿੱਚ ਦਰਜ ਕਰ ਸਕੇਗਾ।

(7) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਉਹ ਵਿਅਕਤੀ ਜੋ ਇਸ ਐਕਟ ਦੇ ਆਰੰਭ ਹੋਣ ਦੀ ਤਰੀਕ ਤੋਂ ਪਹਿਲਾਂ, ਆਪਣੇ ਵਿਆਹ ਸੰਸਕਾਰ ਚੁੱਕੇ ਹਨ, ਉਹ ਵੀ ਆਪਣੇ ਵਿਆਹ ਰਜਿਸਟਰਸ਼ੁਦਾ ਕਰਵਾ ਸਕਦੇ ਹਨ, ਜੇ ਉਹ ਜਾਂ ਉਨ੍ਹਾਂ ਵਿੱਚੋਂ ਕੋਈ ਵੀ ਵਿਆਹ ਦੇ ਸਮੇਂ ਪੰਜਾਬ ਰਾਜ ਦੇ ਨਿਵਾਸੀ ਸਨ।

(8) ਜੇਕਰ ਕੋਈ ਵਿਆਹ ਪੰਜਾਬ ਰਾਜ ਤੋਂ ਬਾਹਰ ਪਹਿਲਾਂ ਹੀ ਰਜਿਸਟਰਸ਼ੁਦਾ ਹੈ, ਤਾਂ ਇਸਨੂੰ ਪੰਜਾਬ ਰਾਜ ਵਿੱਚ ਦੁਬਾਰਾ ਰਜਿਸਟਰਸ਼ੁਦਾ ਨਹੀਂ ਕੀਤਾ ਜਾਵੇਗਾ।

ਅਨੁਬੰਧਤ ਮੁੱਦਤ ਪਿੱਛੋਂ ਪੇਸ਼ ਕੀਤਾ ਗਿਆ ਵਿਆਹ ਦਾ ਯਾਦ-ਪੱਤਰ।

5. (1) ਵਿਆਹ ਦਾ ਇੱਕ ਯਾਦ-ਪੱਤਰ ਤਿੰਨ ਮਹੀਨੇ ਦੀ ਮੁੱਦਤ ਦੇ ਗੁਜ਼ਰਣ ਤੋਂ ਪਿੱਛੋਂ, ਪਰ ਛੇ ਮਹੀਨਿਆਂ ਤੋਂ ਬਾਅਦ ਨਹੀਂ, ਅਜਿਹੀ ਫ਼ੀਸ ਦੇ ਨਾਲ, ਜਿਵੇਂ ਮੁਕੱਰਰ ਕੀਤੀ ਜਾਵੇ, ਅਨੁਬੰਧਤ ਮੁੱਦਤ ਦੇ ਅੰਦਰ ਉਕਤ ਯਾਦ-ਪੱਤਰ ਪੇਸ਼ ਨਾ ਕਰਨ ਦੇ ਕਾਰਨ ਦਾ ਵਰਣਨ ਕਰਦੇ ਹੋਏ, ਵਿਆਹ ਰਜਿਸਟਰਾਰ ਨੂੰ ਪੇਸ਼ ਕੀਤਾ ਜਾ ਸਕੇਗਾ।

(2) ਕੋਈ ਵਿਆਹ ਜਿਸ ਦੀ ਦੇਰੀ ਨਾਲ ਸੂਚਨਾ, ਛੇ ਮਹੀਨਿਆਂ ਦੀ ਮੁੱਦਤ ਦੇ ਗੁਜ਼ਰਨ ਪਿੱਛੋਂ, ਪਰ ਇਸਦੇ ਵਾਪਰਨ ਦੇ ਇੱਕ ਸਾਲ ਦੇ ਅੰਦਰ ਵਿਆਹ ਰਜਿਸਟਰਾਰ ਨੂੰ ਦਿੱਤੀ ਜਾਂਦੀ ਹੈ, ਤਾਂ ਸਿਰਫ਼ ਮੁਕੱਰਰ ਅਥਾਰਟੀ ਦੀ ਲਿਖਤੀ ਇਜਾਜ਼ਤ ਨਾਲ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ 'ਤੇ ਅਤੇ ਨੋਟਰੀ ਪਬਲਿਕ ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਕਾਰਤ ਕਿਸੇ ਹੋਰ ਅਧਿਕਾਰੀ

ਦੁਆਰਾ ਠੀਕ ਤੌਰ ਤੇ ਤਸਦੀਕ ਕੀਤੇ ਗਏ ਹਲਫ਼ੀਆ ਬਿਆਨ ਨੂੰ ਜਮ੍ਹਾਂ ਕਰਾਉਣ 'ਤੇ ਹੀ ਰਜਿਸਟਰਸ਼ੁਦਾ ਕੀਤਾ ਜਾਵੇਗਾ।

(3) ਕੋਈ ਵਿਆਹ, ਜੋ ਇਸਦੇ ਹੋਣ ਦੀ ਤਰੀਕ ਤੋਂ ਇੱਕ ਸਾਲ ਦੀ ਮੁੱਦਤ ਦੇ ਅੰਦਰ ਰਜਿਸਟਰਸ਼ੁਦਾ ਨਹੀਂ ਹੋਇਆ ਹੈ, ਉਹ ਸਿਰਫ਼ ਮੁੱਖ ਰਜਿਸਟਰਾਰ, ਵਿਆਹ ਦੀ ਲਿਖਤੀ ਇਜਾਜ਼ਤ ਨਾਲ ਅਤੇ ਅਜਿਹੀ ਫ਼ੀਸ ਦੀ ਅਦਾਇਗੀ 'ਤੇ ਜੋ ਮੁਕੱਰਰ ਕੀਤੀ ਜਾਵੇ ਅਤੇ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਕਾਰਤ ਅਧਿਕਾਰੀ ਦੁਆਰਾ ਠੀਕ ਤੌਰ ਤੇ ਤਸਦੀਕ ਕੀਤੇ ਗਏ ਹਲਫ਼ੀਆ ਬਿਆਨ ਨੂੰ ਜਮ੍ਹਾਂ ਕਰਾਉਣ 'ਤੇ ਹੀ ਰਜਿਸਟਰਸ਼ੁਦਾ ਕੀਤਾ ਜਾਵੇਗਾ।

ਵਿਆਹ ਦੇ ਰਜਿਸਟਰੀਕਰਣ ਦਾ ਸਥਾਨ।

6. ਵਿਆਹ ਦਾ ਰਜਿਸਟਰੀਕਰਣ ਉਸ ਵਿਆਹ ਰਜਿਸਟਰਾਰ ਦੇ ਦਫ਼ਤਰ ਵਿੱਚ ਕਰਵਾਇਆ ਜਾਵੇਗਾ, ਜਿਸ ਦੀ ਅਧਿਕਾਰਤਾ ਵਿੱਚ ਵਿਆਹ ਸੰਸਕਾਰਿਆ ਗਿਆ ਸੀ, ਜਾਂ ਜਿਸ ਦੀ ਅਧਿਕਾਰਤਾ ਵਿੱਚ, ਕਿਸੇ ਇੱਕ ਜਾਂ ਵਿਆਹ ਦੀਆਂ ਦੋਵੇਂ ਧਿਰਾਂ ਦਾ ਸਥਾਈ ਨਿਵਾਸ ਸਥਾਨ ਹੈ। ਪੰਜਾਬ ਰਾਜ ਤੋਂ ਬਾਹਰ ਸੰਸਕਾਰੇ ਗਏ ਵਿਆਹਾਂ ਦੇ ਮਾਮਲੇ ਵਿੱਚ, ਵਿਆਹ ਦਾ ਰਜਿਸਟਰੀਕਰਣ ਉਸ ਵਿਆਹ ਰਜਿਸਟਰਾਰ ਦੇ ਦਫ਼ਤਰ ਵਿੱਚ ਕਰਵਾਇਆ ਜਾ ਸਕੇਗਾ ਜਿੱਥੇ ਉਸਦੀਆਂ ਧਿਰਾਂ ਜਾਂ ਕਿਸੇ ਇੱਕ ਧਿਰ ਦਾ ਪੰਜਾਬ ਰਾਜ ਵਿੱਚ ਅਸਥਾਈ ਨਿਵਾਸ ਹੈ।

ਅਪੀਲ।

7. (1) ਧਾਰਾ 4 ਦੀ ਉਪ-ਧਾਰਾ (5) ਅਧੀਨ ਵਿਆਹ ਰਜਿਸਟਰ ਕਰਨ ਤੋਂ ਇਨਕਾਰ ਕਰਨ ਵਾਲੇ ਵਿਆਹ ਰਜਿਸਟਰਾਰ ਦੇ ਹੁਕਮ ਤੋਂ ਦੁਖਤ ਕੋਈ ਵਿਅਕਤੀ, ਅਜਿਹੇ ਹੁਕਮ ਦੇ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਜ਼ਿਲ੍ਹਾ ਰਜਿਸਟਰਾਰ, ਵਿਆਹ ਨੂੰ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਫ਼ੀਸ ਦੀ ਅਦਾਇਗੀ 'ਤੇ ਜਿਵੇਂ ਮੁਕੱਰਰ ਕੀਤੀ ਜਾਵੇ, ਅਪੀਲ ਕਰ ਸਕੇਗਾ।

(2) ਜ਼ਿਲ੍ਹਾ ਰਜਿਸਟਰਾਰ, ਵਿਆਹ, ਸਬੰਧਤ ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ, ਰਜਿਸਟਰਾਰ ਵਿਆਹ ਦੇ ਹੁਕਮ ਦੀ ਪੁਸ਼ਟੀ ਕਰਦਾ ਹੋਇਆ ਇੱਕ ਹੁਕਮ ਪਾਸ ਕਰ ਸਕੇਗਾ, ਜਾਂ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰਨ ਪਿੱਛੋਂ, ਰਜਿਸਟਰਾਰ, ਵਿਆਹ ਨੂੰ ਵਿਆਹ ਰਜਿਸਟਰ ਕਰਨ ਲਈ ਨਿਰਦੇਸ਼ ਦੇ ਸਕੇਗਾ ਜਾਂ ਅਜਿਹਾ ਹੁਕਮ ਪਾਸ ਕਰ ਸਕੇਗਾ, ਜਿਵੇਂ ਉਹ ਠੀਕ ਸਮਝੇ।

(3) ਉਪ-ਧਾਰਾ (2) ਅਧੀਨ ਜ਼ਿਲ੍ਹਾ ਰਜਿਸਟਰਾਰ, ਵਿਆਹ ਦੁਆਰਾ ਵਿਆਹ ਰਜਿਸਟਰ ਕਰਨ ਤੋਂ ਇਨਕਾਰ ਕਰਨ ਦੇ ਹੁਕਮ ਦੀ ਪੁਸ਼ਟੀ ਕਰਨ ਵਾਲੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਅਜਿਹੇ ਹੁਕਮ ਦੀ ਪ੍ਰਾਪਤੀ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁੱਦਤ ਦੇ ਅੰਦਰ, ਮੁੱਖ ਰਜਿਸਟਰਾਰ, ਵਿਆਹ ਕੋਲ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਫ਼ੀਸ ਦੀ ਅਦਾਇਗੀ 'ਤੇ, ਜਿਵੇਂ ਮੁਕੱਰਰ ਕੀਤੀ ਜਾਵੇ, ਹੋਰ ਅਪੀਲ ਕਰ ਸਕੇਗਾ।

(4) ਮੁੱਖ ਰਜਿਸਟਰਾਰ, ਵਿਆਹ ਸਬੰਧਤ ਧਿਰ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ, ਜ਼ਿਲ੍ਹਾ ਰਜਿਸਟਰਾਰ, ਵਿਆਹ ਜਾਂ ਸਬੰਧਤ ਰਜਿਸਟਰਾਰ, ਵਿਆਹ ਦੇ ਹੁਕਮ ਦੀ ਪੁਸ਼ਟੀ ਕਰਦਾ ਹੋਇਆ ਇੱਕ ਹੁਕਮ ਪਾਸ ਕਰੇਗਾ ਜਾਂ ਲਿਖਤੀ ਰੂਪ ਵਿੱਚ ਕਾਰਨ ਕਲਮਬੰਦ ਕਰਨ ਪਿੱਛੋਂ, ਜ਼ਿਲ੍ਹਾ ਰਜਿਸਟਰਾਰ, ਵਿਆਹ ਜਾਂ ਸਬੰਧਤ ਰਜਿਸਟਰਾਰ, ਵਿਆਹ ਨੂੰ, ਜਿਹੀ ਕਿ ਸੂਰਤ ਹੋਵੇ, ਵਿਆਹ ਰਜਿਸਟਰ ਕਰਨ ਦਾ ਨਿਰਦੇਸ਼ ਦੇਵੇਗਾ ਜਾਂ ਅਜਿਹਾ ਹੁਕਮ ਪਾਸ ਕਰੇਗਾ, ਜਿਵੇਂ ਉਹ ਠੀਕ ਸਮਝੇ।

ਰਜਿਸਟਰੀਕਰਣ ਨਾ ਕਰਾਉਣ ਨਾਲ ਵਿਆਹ ਦਾ ਨਾਜਾਇਜ਼ ਨਾ ਹੋਣਾ।

8. ਪੰਜਾਬ ਰਾਜ ਵਿੱਚ ਕੋਈ ਵਿਆਹ ਸਿਰਫ਼ ਇਸ ਕਾਰਨ ਜਾਂ ਤੱਥ ਕਰਕੇ ਨਾਜ਼ਾਇਜ਼ ਨਹੀਂ ਸਮਝਿਆ ਜਾਵੇਗਾ ਕਿ ਇਹ ਇਸ ਐਕਟ ਅਧੀਨ ਰਜਿਸਟਰਸ਼ੁਦਾ ਨਹੀਂ ਸੀ ਜਾਂ ਯਾਦ-ਪੱਤਰ ਰਜਿਸਟਰਾਰ, ਵਿਆਹ ਨੂੰ ਪੇਸ਼ ਨਹੀਂ ਕੀਤਾ ਗਿਆ ਸੀ ਜਾਂ ਇਹ ਕਿ ਅਜਿਹਾ ਯਾਦ-ਪੱਤਰ ਨੁਕਸਦਾਰ ਜਾਂ ਗਲਤ ਸੀ।

ਮੁੱਖ ਰਜਿਸਟਰਾਰ, ਵਿਆਹ।

9. (1) ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਮੁੱਖ ਰਜਿਸਟਰਾਰ, ਵਿਆਹ ਵਜੋਂ ਇੱਕ ਅਧਿਕਾਰੀ ਅਤੇ ਉਸਦੀ ਸਹਾਇਤਾ ਲਈ ਅਜਿਹੇ ਹੋਰ ਅਧਿਕਾਰੀ, ਜਿਵੇਂ ਉਹ ਠੀਕ ਸਮਝੇ, ਨਿਯੁਕਤ ਕਰੇਗੀ।

(2) ਮੁੱਖ ਰਜਿਸਟਰਾਰ, ਵਿਆਹ ਦੀ ਅਧਿਕਾਰਤਾ ਸਾਰੇ ਪੰਜਾਬ ਰਾਜ ਤੇ ਹੋਵੇਗੀ ਅਤੇ ਉਸ ਕੋਲ ਇਸ ਐਕਟ ਅਧੀਨ ਉਸਨੂੰ ਪ੍ਰਦਾਨ ਕੀਤੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ ਅਤੇ ਅਰੋਪੇ ਗਏ ਸਾਰੇ ਕਰਤੱਵ ਨਿਭਾਏਗਾ। ਉਪ-ਧਾਰਾ (1) ਅਧੀਨ ਨਿਯੁਕਤ ਕੀਤੇ ਗਏ ਹੋਰ ਸਾਰੇ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨਗੇ, ਜਿਵੇਂ ਰਾਜ ਸਰਕਾਰ ਦੁਆਰਾ ਉਨ੍ਹਾਂ ਨੂੰ ਪ੍ਰਦਾਨ ਕੀਤੀਆਂ ਜਾਣ।

(3) ਮੁੱਖ ਰਜਿਸਟਰਾਰ, ਵਿਆਹ ਦੀ ਸਹਾਇਤਾ ਲਈ, ਉਪ-ਧਾਰਾ (1) ਅਧੀਨ ਨਿਯੁਕਤ ਕੀਤਾ ਗਿਆ ਹਰੇਕ ਅਧਿਕਾਰੀ, ਮੁੱਖ ਰਜਿਸਟਰਾਰ, ਵਿਆਹ ਦੀ ਆਮ ਨਿਗਰਾਨੀ ਅਤੇ ਕੰਟਰੋਲ ਦੇ ਤਾਬੇ, ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ।

(4) ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਮੁੱਖ ਰਜਿਸਟਰਾਰ, ਵਿਆਹ ਪੰਜਾਬ ਰਾਜ ਵਿੱਚ ਮੁੱਖ ਕਾਰਜਕਾਰੀ ਅਥਾਰਟੀ ਹੋਵੇਗਾ। ਇਸ ਪ੍ਰਯੋਜਨ ਲਈ, ਉਹ ਸਾਰੇ ਸਬੰਧਤਾਂ ਨੂੰ ਵਿਆਹ ਦੇ ਰਜਿਸਟਰੀਕਰਣ ਦੇ ਕੰਮ ਵਿੱਚ ਕੁਸ਼ਲ ਤਰੀਕੇ ਨਾਲ ਤਾਲਮੇਲ ਅਤੇ ਸਹਾਇਤਾ ਕਰਨ ਲਈ ਨਿਰਦੇਸ਼ ਜਾਰੀ ਕਰ ਸਕੇਗਾ ਅਤੇ ਇਸ ਬਾਬਤ ਅਜਿਹੇ ਰੂਪ ਵਿੱਚ ਇੱਕ ਰਿਪੋਟ ਤਿਆਰ ਕਰੇਗਾ ਅਤੇ ਇਸਨੂੰ ਰਾਜ ਸਰਕਾਰ ਨੂੰ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਵਕਫ਼ਿਆਂ 'ਤੇ ਪੇਸ਼ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਜ਼ਿਲ੍ਹਾ ਰਜਿਸਟਰਾਰ, ਵਿਆਹ ।

10. (1) ਰਾਜ ਸਰਕਾਰ ਹਰੇਕ ਜ਼ਿਲ੍ਹੇ ਲਈ ਇੱਕ ਜ਼ਿਲ੍ਹਾ ਰਜਿਸਟਰਾਰ, ਵਿਆਹ ਅਤੇ ਅਜਿਹੀ ਗਿਣਤੀ ਦੇ ਵਧੀਕ ਜ਼ਿਲ੍ਹਾ ਰਜਿਸਟਰਾਰ, ਵਿਆਹ ਨਿਯੁਕਤ ਕਰੇਗੀ, ਜਿਵੇਂ ਇਹ ਠੀਕ ਸਮਝੇ, ਜੋ ਜ਼ਿਲ੍ਹਾ ਰਜਿਸਟਰਾਰ, ਵਿਆਹ ਦੇ ਆਮ ਕੰਟਰੋਲ ਅਤੇ ਨਿਰਦੇਸ਼ਾਂ ਦੇ ਤਾਬੇ ਅਜਿਹੇ ਕਾਜਕਾਰ ਨਿਭਾਉਣਗੇ ਜਿਵੇਂ ਜ਼ਿਲ੍ਹਾ ਰਜਿਸਟਰਾਰ, ਵਿਆਹ, ਸਮੇਂ-ਸਮੇਂ ਤੇ, ਉਨ੍ਹਾਂ ਨੂੰ ਸੌਂਪੇ।

(2) ਮੁੱਖ ਰਜਿਸਟਰਾਰ, ਵਿਆਹ ਦੀ ਆਮ ਨਿਗਰਾਨੀ ਅਤੇ ਕੰਟਰੋਲ ਦੇ ਤਾਬੇ, ਜ਼ਿਲ੍ਹਾ ਰਜਿਸਟਰਾਰ, ਵਿਆਹ ਜ਼ਿਲ੍ਹੇ ਵਿੱਚ ਵਿਆਹਾਂ ਦੇ ਰਜਿਸਟਰੀਕਰਣ ਦੀ ਨਿਗਰਾਨੀ ਕਰੇਗਾ ਅਤੇ ਇਸ ਐਕਟ ਦੇ ਉਪਬੰਧਾਂ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਸਮੇਂ-ਸਮੇਂ ਤੇ ਮੁੱਖ ਰਜਿਸਟਰਾਰ, ਵਿਆਹ ਦੁਆਰਾ ਜਾਰੀ ਕੀਤੇ ਗਏ ਨਿਰਦੇਸ਼ਾਂ ਨੂੰ ਪ੍ਰਭਾਵੀ ਬਣਾਉਣ ਲਈ ਜ਼ਿੰਮੇਵਾਰ ਹੋਵੇਗਾ।

ਰਜਿਸਟਰਾਰ, ਵਿਆਹ ।

11. (1) ਰਾਜ ਸਰਕਾਰ ਇਸ ਐਕਟ ਦੇ ਉਪਬੰਧਾਂ ਨੂੰ ਅਜਿਹੇ ਖੇਤਰਾਂ ਵਿੱਚ ਅਮਲ ਵਿੱਚ ਲਿਆਉਣ ਲਈ ਇੱਕ ਤਹਿਸੀਲ ਜਾਂ ਉਪ-ਤਹਿਸੀਲ ਦੇ ਖੇਤਰ ਨੂੰ ਸਮਾਵਿਸ਼ਟ ਕਰਕੇ ਜਾਂ ਕਿਸੇ ਵੀ ਦੋ ਜਾਂ ਦੋ ਤੋਂ ਵੱਧ ਦੇ ਜੁੱਟ ਲਈ ਇੱਕ ਰਜਿਸਟਰਾਰ, ਵਿਆਹ ਨਿਯੁਕਤ ਕਰੇਗੀ:

ਪਰੰਤੂ ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਦੇ ਅਧੀਨ ਕਿਸੇ ਨਗਰਪਾਲਕਾ ਜਾਂ ਪੰਚਾਇਤ ਜਾਂ ਪੰਚਾਇਤਾਂ ਦੇ ਸਮੂਹ ਦੇ ਮਾਮਲੇ ਵਿੱਚ, ਉਸਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਰਜਿਸਟਰਾਰ, ਵਿਆਹ ਵਜੋਂ ਨਿਯੁਕਤ ਕਰ ਸਕੇਗੀ।

(2) ਰਜਿਸਟਰਾਰ, ਵਿਆਹ ਆਪਣੀ ਅਧਿਕਾਰਤਾ ਵਿੱਚ ਹੋਏ ਕਿਸੇ ਵਿਆਹ ਨੂੰ, ਸਬੰਧਤ ਧਿਰਾਂ ਨੂੰ ਬੁਲਾਉਣ ਅਤੇ ਉਨ੍ਹਾਂ ਤੱਥਾਂ ਦਾ ਨਿਸ਼ਚੇ ਕਰਨ ਪਿੱਛੋਂ, ਜੋ ਅਜਿਹੇ ਵਿਆਹ ਨੂੰ ਰਜਿਸਟਰਸ਼ੁਦਾ ਕਰਨਾ ਲੋੜਦੇ ਹਨ, ਬਿਨਾਂ ਫ਼ੀਸ ਜਾਂ ਇਨਾਮ ਦੇ, ਆਪਣੇ ਆਪ ਜਾਂ ਨੋਟਿਸ ’ਤੇ, ਇਸ ਐਕਟ ਦੇ ਅਧੀਨ ਰੱਖੇ ਗਏ ਵਿਆਹ ਰਜਿਸਟਰ ਵਿੱਚ ਇੰਦਰਾਜ ਅਤੇ ਰਜਿਸਟਰ ਕਰ ਸਕੇਗਾ।

(3) ਹਰੇਕ ਰਜਿਸਟਰਾਰ, ਵਿਆਹ ਦਾ ਆਪਣੀ ਅਧਿਕਾਰਤਾ ਦੇ ਸਥਾਨਕ ਖੇਤਰ ਵਿੱਚ, ਇੱਕ ਦਫ਼ਤਰ ਹੋਵੇਗਾ ਜਿਸ ਲਈ ਉਸਨੂੰ ਇਸ ਤਰ੍ਹਾਂ ਨਿਯੁਕਤ ਕੀਤਾ ਗਿਆ ਹੈ।

(4) ਹਰੇਕ ਰਜਿਸਟਰਾਰ, ਵਿਆਹ ਵਿਆਹਾਂ ਨੂੰ ਰਜਿਸਟਰ ਕਰਨ ਦੇ ਪ੍ਰਯੋਜਨ ਲਈ ਅਜਿਹੇ ਦਿਨਾਂ ਅਤੇ ਅਜਿਹੇ ਜਨਤਕ ਘੰਟਿਆਂ ਤੇ ਆਪਣੇ ਦਫ਼ਤਰ ਵਿੱਚ ਹਾਜ਼ਰ ਹੋਵੇਗਾ ਜਿਵੇਂ ਮੁੱਖ ਰਜਿਸਟਰਾਰ ਨਿਰਦੇਸ਼ ਦੇਵੇ ਅਤੇ ਆਪਣੇ ਦਫ਼ਤਰ ਦੇ ਬਾਹਰਲੇ ਦਰਵਾਜ਼ੇ ਤੇ ਜਾਂ ਨੇੜੇ ਇੱਕ ਨੁਮਾਇਆ ਸਥਾਨ ਤੇ, ਸਥਾਨਕ ਭਾਸ਼ਾ ਵਿੱਚ, ਆਪਣਾ ਨਾਮ ਅਤੇ ਸ਼ਬਦ “ਰਜਿਸਟਰਾਰ, ਵਿਆਹ” ਦਾ ਅਹੁਦਾ ਅਤੇ ਉਸਦੇ ਹਾਜ਼ਰ ਹੋਣ ਦੇ ਜਨਤਕ ਦਿਨਾਂ ਅਤੇ ਘੰਟਿਆਂ ਨੂੰ ਦਰਸਾਉਂਦਾ ਇੱਕ ਬੋਰਡ ਲਗਵਾਏਗਾ।

12. ਹਰੇਕ ਰਜਿਸਟਰਾਰ, ਵਿਆਹ ਉਸ ਖੇਤਰ ਜਾਂ ਉਸਦੇ ਭਾਗ ਲਈ, ਜਿਸ ਦੇ ਸਬੰਧ ਵਿੱਚ ਉਹ ਅਧਿਕਾਰਤਾ ਦੀ ਵਰਤੋਂ ਕਰਦਾ ਹੈ, ਅਜਿਹੇ ਰੂਪ, ਭਾਸ਼ਾ ਅਤੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਵਿਆਹ ਰਜਿਸਟਰ ਬਣਾਈ ਰੱਖੇਗਾ। ਵਿਆਹ ਰਜਿਸਟਰ ਦੀ ਸਾਂਭ-ਸੰਭਾਲ।

13. ਜੇਕਰ ਰਜਿਸਟਰਾਰ, ਵਿਆਹ ਨੂੰ ਪਤਾ ਲੱਗਦਾ ਹੈ ਕਿ ਇਸ ਐਕਟ ਅਧੀਨ ਉਸ ਦੁਆਰਾ ਰੱਖੇ ਗਏ ਵਿਆਹ ਰਜਿਸਟਰ ਵਿੱਚ ਵਿਆਹ ਦਾ ਕੋਈ ਇੰਦਰਾਜ, ਰੂਪ ਜਾਂ ਸਾਰ ਵਿੱਚ ਗਲਤ ਹੈ ਜਾਂ ਕਪਟ-ਪੂਰਬਕ ਜਾਂ ਅਣਉਚਿਤ ਤੌਰ ਤੇ ਕੀਤਾ ਗਿਆ ਹੈ, ਤਾਂ ਉਹ, ਅਜਿਹੇ ਨਿਯਮਾਂ ਦੇ ਤਾਬੇ, ਜਿਵੇਂ ਰਾਜ ਸਰਕਾਰ ਦੁਆਰਾ ਉਨ੍ਹਾਂ ਸ਼ਰਤਾਂ 'ਤੇ ਅਤੇ ਹਾਲਾਤਾਂ ਦੇ ਬਾਰੇ ਵਿੱਚ ਬਣਾਏ ਜਾ ਸਕਦੇ ਹਨ ਜਿਨ੍ਹਾਂ 'ਤੇ ਅਜਿਹੇ ਇੰਦਰਾਜਾਂ ਨੂੰ ਦਰੁਸਤ ਜਾਂ ਮਨਸੂਖ ਕੀਤਾ ਜਾ ਸਕਦਾ ਹੈ, ਮੂਲ ਇੰਦਰਾਜ ਵਿੱਚ ਕਿਸੇ ਵੀ ਬਦਲਾਅ ਕੀਤੇ ਬਿਨਾਂ, ਹਾਸ਼ੀਏ ਵਿੱਚ ਇੱਕ ਢੁੱਕਵਾਂ ਇੰਦਰਾਜ ਕਰਕੇ ਗਲਤੀ ਨੂੰ ਦਰੁੱਸਤ ਕਰ ਸਕਦਾ ਹੈ ਜਾਂ ਇੰਦਰਾਜ਼ਾਂ ਨੂੰ ਮਨਸੂਖ ਕਰ ਸਕਦਾ ਹੈ, ਅਤੇ ਹਾਸ਼ੀਏ ਵਿੱਚ ਕੀਤੇ ਗਏ ਅਜਿਹੇ ਇੰਦਰਾਜ਼ ਤੇ ਦਸਖ਼ਤ ਅਤੇ ਤਸਦੀਕ ਕਰੇਗਾ ਅਤੇ ਇਸ ਤਰ੍ਹਾਂ ਕੀਤੀ ਗਈ ਦਰੁੱਸਤੀ ਅਤੇ ਮਨਸੂਖੀ ਦੀ ਤਰੀਕ ਦਰਸਾਏਗਾ: ਵਿਆਹ ਰਜਿਸਟਰ ਵਿੱਚ ਇੰਦਰਾਜ਼ ਦੀ ਦਰੁੱਸਤੀ ਜਾਂ ਮਨਸੂਖ਼ੀ ।

ਪਰੰਤੂ ਅਜਿਹੀ ਕੋਈ ਦਰੁੱਸਤੀ ਜਾਂ ਬਦਲੀ ਕਿਸੇ ਵਿਅਕਤੀ ਦੀ ਹਾਨੀ ਲਈ ਉਸਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਨਹੀਂ ਕੀਤੀ ਜਾਵੇਗੀ।

14. (1) ਰਾਜ ਸਰਕਾਰ ਦੁਆਰਾ ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ ਜਿਸ ਵਿੱਚ ਫ਼ੀਸਾਂ ਅਤੇ ਡਾਕ ਖਰਚਿਆਂ ਦੀ ਅਦਾਇਗੀ ਨਾਲ ਸਬੰਧਤ ਨਿਯਮ ਸ਼ਾਮਲ ਹਨ, ਕੋਈ ਵਿਅਕਤੀ,– ਵਿਆਹ ਰਜਿਸਟਰ ਦੀ ਖੋਜ।

(ੳ) ਰਜਿਸਟਰਾਰ, ਵਿਆਹ ਜਾਂ ਉਸ ਦੁਆਰਾ ਠੀਕ ਤੌਰ 'ਤੇ ਅਧਿਕਾਰਤ ਕੀਤੇ ਗਏ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀ ਦੀ ਮੌਜੂਦਗੀ ਵਿੱਚ, ਵਿਆਹਾਂ ਦੇ ਰਜਿਸਟਰ ਵਿੱਚ ਕਿਸੇ ਇੰਦਰਾਜ ਲਈ ਖੋਜ ਕਰਵਾ ਸਕੇਗਾ; ਜਾਂ

(ਅ) ਅਜਿਹੇ ਰਜਿਸਟਰ ਵਿੱਚੋਂ ਕਿਸੇ ਵਿਆਹ ਨਾਲ ਸਬੰਧਤ ਕੋਈ ਟੂਕ ਪ੍ਰਾਪਤ ਕਰ ਸਕੇਗਾ।

(2) ਉਪ-ਧਾਰਾ (1) ਅਧੀਨ ਸਪਲਾਈ ਕੀਤੇ ਗਏ ਸਾਰੇ ਟੂਕ, ਰਜਿਸਟਰਾਰ, ਵਿਆਹ ਜਾਂ ਰਾਜ ਸਰਕਾਰ ਦੁਆਰਾ ਅਜਿਹੇ ਟੂਕ ਸਪਲਾਈ ਕਰਨ ਲਈ ਅਧਿਕਾਰਤ ਕਿਸੇ ਹੋਰ ਅਧਿਕਾਰੀ ਦੁਆਰਾ, ਜਿਵੇਂ ਭਾਰਤੀ ਸ਼ਹਾਦਤ ਐਕਟ, 1872 (1872 ਦਾ ਕੇਂਦਰੀ ਐਕਟ 1) ਦੀ ਧਾਰਾ 76 ਵਿੱਚ ਉਪਬੰਧਤ ਕੀਤਾ ਗਿਆ ਹੈ, ਪ੍ਰਮਾਣਤ ਕੀਤੇ ਜਾਣਗੇ, ਅਤੇ ਵਿਆਹ ਨੂੰ ਸਾਬਤ ਕਰਨ ਦੇ ਪ੍ਰਯੋਜਨ ਲਈ ਸਬੂਤ ਵਜੋਂ ਗ੍ਰਹਿਣਯੋਗ ਹੋਣਗੇ ਜਿਸ ਨਾਲ ਇਹ ਟੂਕ ਸੰਬੰਧਤ ਹਨ।

ਡੰਨ।

15. ਕੋਈ ਵਿਅਕਤੀ, ਜੋ,–

(ੳ) ਧਾਰਾ 4 ਦੇ ਅਧੀਨ ਲੋੜੇ ਅਨੁਸਾਰ ਯਾਦ-ਪੱਤਰ ਪੇਸ਼ ਕਰਨ ਜਾਂ ਭੇਜਣ ਵਿੱਚ ਜਾਣ ਜਾਣਬੁੱਝ ਕੇ ਉਕਾਈ ਕਰਦਾ ਹੈ ਜਾਂ ਅਸਫਲ ਰਹਿੰਦਾ ਹੈ; ਜਾਂ

(ਅ) ਅਜਿਹੇ ਯਾਦ-ਪੱਤਰ ਵਿੱਚ ਕੋਈ ਬਿਆਨ ਦਿੰਦਾ ਹੈ, ਜੋ ਅਹਿਮ ਵੇਰਵਿਆਂ ਵਿੱਚ ਝੂਠਾ ਹੈ ਅਤੇ ਜਿਸਨੂੰ ਉਹ ਜਾਣਦਾ ਹੈ ਜਾਂ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਉਹ ਝੂਠਾ ਹੈ; ਜਾਂ

(ੲ) ਵਿਆਹ ਰਜਿਸਟਰ ਜਾਂ ਇਸਦੇ ਕਿਸੇ ਭਾਗ ਨੂੰ ਗੁਪਤ ਰੂਪ ਵਿੱਚ ਨਸ਼ਟ ਕਰਦਾ ਹੈ ਜਾਂ ਬੇਈਮਾਨੀ ਨਾਲ ਜਾਂ ਕਪਟ-ਪੂਰਬਕ ਬਦਲਦਾ ਹੈ;

ਜੁਰਮਾਨੇ ਦਾ ਭਾਗੀ ਹੋਵੇਗਾ, ਜੋ ਇੱਕ ਹਜ਼ਾਰ ਰੁਪਏ ਤੱਕ ਵਧਾਇਆ ਜਾ ਸਕੇਗਾ।

ਮੁੱਖ ਰਜਿਸਟਰਾਰ, ਵਿਆਹ, ਜ਼ਿਲ੍ਹਾ ਰਜਿਸਟਰਾਰ, ਵਿਆਹ, ਰਜਿਸਟਰਾਰ, ਵਿਆਹ ਅਤੇ ਹੋਰ ਅਧਿਕਾਰੀਆਂ ਦਾ ਜਨਤਕ ਸੇਵਕ ਹੋਣਾ ।

16. ਇਸ ਐਕਟ ਅਧੀਨ ਕਾਜਕਾਰ ਨਿਭਾਉਣ ਲਈ ਨਿਯੁਕਤ ਕੀਤੇ ਗਏ ਮੁੱਖ ਰਜਿਸਟਰਾਰ, ਵਿਆਹ, ਜ਼ਿਲ੍ਹਾ ਰਜਿਸਟਰਾਰ, ਵਿਆਹ, ਰਜਿਸਟਰਾਰ, ਵਿਆਹ ਅਤੇ ਹੋਰ ਅਧਿਕਾਰੀ, ਭਾਰਤੀ ਦੰਡ ਸੰਘਤਾ, 1860 (1860 ਦਾ 45) ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ ।

17. ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਰਾਜ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ ।

18. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:–

(ੳ) ਯਾਦ-ਪੱਤਰ ਦਾ ਰੂਪ, ਫ਼ੀਸ ਅਤੇ ਉਹ ਵਿਅਕਤੀ, ਜੋ ਧਾਰਾ 4 ਦੀਆਂ ਉਪ-ਧਾਰਾਵਾਂ (1) ਅਤੇ (3) ਅਧੀਨ ਇਸਨੂੰ ਤਸਦੀਕ ਕਰੇਗਾ;

(ਅ) ਉਹ ਮੁੱਦਤ ਜਿਸ ਦੇ ਅੰਦਰ ਵਿਆਹ ਨੂੰ ਧਾਰਾ 4 ਦੀ ਉਪ-ਧਾਰਾ (5) ਅਧੀਨ ਰਜਿਸਟਰਸ਼ੁਦਾ ਕੀਤਾ ਜਾਣਾ ਹੈ;

(ਣ) ਧਾਰਾ 5 ਦੀਆਂ ਉਪ-ਧਾਰਾਵਾਂ (1), (2) ਅਤੇ (3) ਅਧੀਨ ਅਦਾਇਗੀਯੋਗ ਫ਼ੀਸ;

(ਸ) ਧਾਰਾ 5 ਦੀ ਉਪ-ਧਾਰਾ (2) ਵਿੱਚ ਜ਼ਿਕਰ ਕੀਤੀ ਗਈ ਅਥਾਰਟੀ;

(ਹ) ਧਾਰਾ 7 ਦੀ ਉਪ-ਧਾਰਾ (1) ਅਧੀਨ ਅਪੀਲ ਦਾਇਰ ਕਰਨ ਦਾ ਤਰੀਕਾ ਅਤੇ ਫ਼ੀਸ;

(ਕ) ਧਾਰਾ 7 ਦੀ ਉਪ-ਧਾਰਾ (3) ਅਧੀਨ ਅਗਲੀ ਅਪੀਲ ਦਾਇਰ ਕਰਨ ਦਾ ਤਰੀਕਾ ਅਤੇ ਫ਼ੀਸ;

(ਖ) ਰੂਪ, ਤਰੀਕਾ ਅਤੇ ਵਕਫ਼ੇ ਜਿਸ 'ਤੇ ਇਸ ਐਕਟ ਅਧੀਨ ਵਿਆਹਾਂ ਦੇ ਰਜਿਸਟਰੀਕਰਣ ਦੇ ਕੰਮਕਾਜ ਦੀ ਰਿਪੋਟ ਧਾਰਾ 9 ਦੀ ਉਪ-ਧਾਰਾ (4) ਅਧੀਨ ਪੇਸ਼ ਕੀਤੀ ਜਾਣੀ ਹੈ;

(ਗ) ਉਹ ਰੂਪ, ਭਾਸ਼ਾ ਅਤੇ ਤਰੀਕਾ ਜਿਸ ਵਿੱਚ ਧਾਰਾ 12 ਦੇ ਅਧੀਨ ਵਿਆਹ ਰਜਿਸਟਰ ਨੂੰ ਕਾਇਮ ਰੱਖਿਆ ਜਾਣਾ ਹੈ;

(ਘ) ਉਹ ਸ਼ਰਤਾਂ ਜਿਨ੍ਹਾਂ 'ਤੇ ਅਤੇ ਉਹ ਹਾਲਾਤ ਜਿਨ੍ਹਾਂ ਵਿੱਚ, ਧਾਰਾ 13 ਦੇ ਅਧੀਨ ਇੰਦਰਾਜ਼ਾਂ ਨੂੰ ਦਰੁੱਸਤ ਜਾਂ ਮਨਸੂਖ਼ ਕੀਤਾ ਜਾ ਸਕੇਗਾ;

(ਙ) ਵਿਆਹ ਰਜਿਸਟਰ ਵਿੱਚ ਕਿਸੇ ਵੀ ਇੰਦਰਾਜ ਦੀ ਖੋਜ ਲਈ ਅਤੇ ਧਾਰਾ 14 ਦੀ ਉਪ-ਧਾਰਾ (1) ਦੇ ਅਧੀਨ ਇੱਕ ਟੂਕ ਪ੍ਰਾਪਤ ਕਰਨ ਲਈ ਫ਼ੀਸ; ਅਤੇ

(ਚ) ਇਸ ਐਕਟ ਦੁਆਰਾ ਜਾਂ ਅਧੀਨ ਮੁਕੱਰਰ ਕਰਨਾ ਲੋੜਿਆ ਕੋਈ ਹੋਰ ਮਾਮਲਾ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ ਸਦਨ, ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ

ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਵੀ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

19. ਇਸ ਐਕਟ ਦੇ ਉਪਬੰਧ ਭਾਰਤੀ ਈਸਾਈ ਵਿਆਹ ਐਕਟ, 1872 (1872 ਦਾ 15), ਅਨੰਦ ਵਿਆਹ ਐਕਟ, 1909 (1909 ਦਾ 7), ਮੁਸਲਿਮ ਨਿੱਜੀ ਕਾਨੂੰਨ (ਸ਼ਰੀਅਤ) ਲਾਗੂਕਰਨ ਐਕਟ, 1937 (1937 ਦਾ 26) ਅਤੇ ਹਿੰਦੂ ਵਿਆਹ ਐਕਟ, 1955 (1955 ਦਾ 25) ਦੇ ਉਪਬੰਧਾਂ ਤੋਂ ਇਲਾਵਾ ਅਤੇ ਨਾ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ ਹੋਣਗੇ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3639/2-2026/Pb. Govt. Press, S.A.S. Nagar*

ਭਾਗ–**I**

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 13 ਫਰਵਰੀ, 2026

ਨੰ. 16/ਭ:ਕ/2026.— ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਬੋਰਡ ਐਕਟ, 2013 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 13th February, 2026

**No. 16/L.C./2026.**— The Translation in Punjabi of the Punjab Ancient, Historical Monuments, Archaeological Sites and Cultural Heritage Maintenance Board Act, 2013 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ
ਸੱਭਿਆਚਾਰਕ ਵਿਰਸਾ ਸੰਭਾਲ ਬੋਰਡ ਐਕਟ, 2013
(2013 ਦਾ ਪੰਜਾਬ ਐਕਟ ਨੰ. 29)

ਰਾਜ ਦੇ ਸੁਰੱਖਿਅਤ ਅਤੇ ਅਣ-ਸੁਰੱਖਿਅਤ ਉਸਾਰੇ ਵਿਰਸੇ ਦਾ ਪਰਿਰੱਖਣ ਅਤੇ ਸੰਭਾਲ ਲਈ ਇੱਕ ਸਮਰਪਤ ਫ਼ੰਡ ਅਤੇ ਇਸ ਦੇ ਅਮਲ ਅਤੇ ਕਾਇਮ ਰੱਖਣ ਅਤੇ ਸੰਭਾਲ ਲਈ ਅਤੇ ਰਾਜ ਵਿੱਚ ਸੱਭਿਆਚਾਰਕ ਉਪ-ਕਰ ਦੀ ਉਗਰਾਹੀ ਰਾਹੀਂ ਸਿਰਜੀਆਂ/ਉਸਾਰੀਆਂ ਜਾਣ ਵਾਲੀਆਂ ਵਿਰਾਸਤੀ ਯਾਦਗਾਰਾਂ ਲਈ ਫ਼ੰਡ ਰੱਖਣ ਲਈ ਅਤੇ ਉਸਦੇ ਅਮਲ ਅਤੇ ਰੱਖ-ਰਖਾਅ ਲਈ ਉਪਬੰਧ ਕਰਨ ਦੀ ਦ੍ਰਿਸ਼ਟੀ ਨਾਲ ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰ, ਪ੍ਰਾਤਤਵੀ ਸਥਲ ਅਤੇ ਵਿਰਸਾ ਸੰਭਾਲ ਬੋਰਡ ਦੀ ਸਥਾਪਨਾ ਅਤੇ ਉਸਦੇ ਅਨੁਸੰਗਕ ਅਤੇ ਸਬੰਧਤ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਬੋਰਡ ਐਕਟ, 2013 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ । 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,–

(ੳ) "ਐਕਟ" ਦਾ ਮਤਲਬ ਹੈ ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਬੋਰਡ ਐਕਟ;

(ਅ) "ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰ" ਦਾ ਮਤਲਬ ਹੈ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ, ਜਿਵੇਂ ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਪ੍ਰਾਤਤਵੀ ਸਥਲ ਅਤੇ ਬਚੇ ਨਿਸ਼ਾਨ ਐਕਟ, 1964 ਵਿੱਚ ਪਰਿਭਾਸ਼ਤ ਹੈ;

(ੲ) "ਬੋਰਡ" ਦਾ ਮਤਲਬ ਹੈ ਧਾਰਾ 3 ਅਧੀਨ ਸਥਾਪਤ ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਬੋਰਡ;

(ਸ) "ਫ਼ੰਡ" ਦਾ ਮਤਲਬ ਹੈ ਧਾਰਾ 5 ਅਧੀਨ ਉਲਿਖਤ ਸੱਭਿਆਚਾਰਕ ਵਿਰਸਾ ਸੰਭਾਲ ਅਤੇ ਵਿਕਾਸ ਫ਼ੰਡ;

(ਹ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਦਾ ਸੱਭਿਆਚਾਰਕ ਮਾਮਲੇ, ਪ੍ਰਾਤਤਵੀ ਅਤੇ ਅਜਾਇਬ ਘਰ ਵਿਭਾਗ, ਪੰਜਾਬ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਖ) "ਸੁਰੱਖਿਅਤ ਉਸਾਰਿਆ ਵਿਰਸਾ" ਦਾ ਮਤਲਬ ਹੈ ਕੋਈ ਯਾਦਗਾਰ ਜੋ 100 ਸਾਲ ਤੋਂ ਵੱਧ ਪੁਰਾਣੀ ਹੈ ਅਤੇ ਜਿਸਨੂੰ ਸਰਕਾਰ ਦੁਆਰਾ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਪ੍ਰਾਤਤਵੀ ਸਥਲ ਅਤੇ ਬਚੇ ਨਿਸ਼ਾਨ ਐਕਟ, 1964" ਅਧੀਨ ਸੁਰੱਖਿਅਤ ਐਲਾਨਿਆ ਗਿਆ ਹੈ;

(ਗ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬੋਰਡ ਦੁਆਰਾ ਬਣਾਏ ਗਏ ਵਿਨਿਯਮ; ਅਤੇ

(ਘ) "ਅਣ-ਸੁਰੱਖਿਅਤ ਉਸਾਰਿਆ ਵਿਰਸਾ" ਦਾ ਮਤਲਬ ਹੈ ਕੋਈ ਯਾਦਗਾਰ ਜੋ 100 ਸਾਲ ਤੋਂ ਵੱਧ ਪੁਰਾਣੀ ਹੈ ਅਤੇ ਜਿਸਨੂੰ ਸਰਕਾਰ ਦੁਆਰਾ "ਪੰਜਾਬ ਪ੍ਰਾਚੀਨ ਤੇ ਇਤਿਹਾਸਕ ਯਾਦਗਾਰਾਂ ਅਤੇ ਪੁਰਾਤਤਵੀ ਸਥਲ ਅਤੇ ਬਚੇ ਨਿਸ਼ਾਨ ਐਕਟ, 1964" ਅਧੀਨ ਸੁਰੱਖਿਅਤ ਨਹੀਂ ਐਲਾਨਿਆ ਗਿਆ ਹੈ।

ਬੋਰਡ ਦੀ ਸਥਾਪਨਾ । 3. (1) ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਪੰਜਾਬ ਪ੍ਰਾਚੀਨ, ਇਤਿਹਾਸਕ ਯਾਦਗਾਰਾਂ, ਪ੍ਰਾਤਤਵੀ ਸਥਲ ਅਤੇ ਸੱਭਿਆਚਾਰਕ ਵਿਰਸਾ ਸੰਭਾਲ ਕਿਹਾ ਜਾਣ ਵਾਲਾ ਬੋਰਡ ਹੋਵੇਗਾ।

(2) ਉਪ-ਧਾਰਾ (1) ਅਧੀਨ ਸਥਾਪਤ ਬੋਰਡ, ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ, ਅਰਥਾਤ:–

| | | | |
|---|---|---|---|
| (i) | ਮੁੱਖ ਮੰਤਰੀ | : | ਚੇਅਰਮੈਨ |
| (ii) | ਮੰਤਰੀ, ਸੱਭਿਆਚਾਰਕ ਮਾਮਲੇ | : | ਵਾਈਸ-ਚੇਅਰਮੈਨ |
| (iii) | ਮੁੱਖ ਸਕੱਤਰ | : | ਮੈਂਬਰ |
| (iv) | ਵਿੱਤੀ ਕਮਿਸ਼ਨਰ ਵਿਕਾਸ | : | ਮੈਂਬਰ |
| (v) | ਪ੍ਰਮੁੱਖ ਸਕੱਤਰ, ਮੁੱਖ ਮੰਤਰੀ | : | ਮੈਂਬਰ |
| (vi) | ਪ੍ਰਮੁੱਖ ਸਕੱਤਰ, ਸੱਭਿਆਚਾਰਕ ਮਾਮਲੇ | : | ਮੈਂਬਰ |
| (vii) | ਪ੍ਰਮੁੱਖ ਸਕੱਤਰ, ਵਿੱਤ | : | ਮੈਂਬਰ |
| (viii) | ਪ੍ਰਮੁੱਖ ਸਕੱਤਰ, ਯੋਜਨਾਬੰਦੀ | : | ਮੈਂਬਰ |
| (ix) | ਪ੍ਰਮੁੱਖ ਸਕੱਤਰ, ਪੀ.ਡਬਲਿਊ.ਡੀ | : | ਮੈਂਬਰ |
| (x) | ਸਕੱਤਰ ਮੰਡੀ ਬੋਰਡ | : | ਮੈਂਬਰ |
| (xi) | ਡਾਇਰੈਕਟਰ, ਸੱਭਿਆਚਾਰਕ ਮਾਮਲੇ | : | ਮੈਂਬਰ-ਸਕੱਤਰ |

(3) ਬੋਰਡ ਇੱਕ ਨਿਗਮਤ ਬੌਡੀ ਹੋਵੇਗੀ ਜਿਸ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ, ਜਿਸ ਕੋਲ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਣਜਕ ਕਰਜ਼ੇ ਅਰਜਤ ਕਰਨ, ਉਧਾਰ ਲੈਣ ਅਤੇ ਚੁੱਕਣ ਅਤੇ ਸੰਪੱਤੀ ਰੱਖਣ ਅਤੇ ਧਾਰਨ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗਾ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਸਰਕਾਰ ਬੋਰਡ ਅਤੇ ਇਸਦੇ ਕਰਮਚਾਰੀਆਂ ਉੱਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗੀ ਅਤੇ ਅਜਿਹੀ ਸੂਚਨਾ ਦੀ ਮੰਗ ਕਰ ਸਕੇਗੀ, ਜੋ ਇਹ ਜ਼ਰੂਰੀ ਸਮਝੇ।

(5) ਅਗਲੇ ਵਿੱਤੀ ਸਾਲ ਲਈ ਬੋਰਡ ਦੀ ਸਾਲਾਨਾ ਆਮਦਨ ਅਤੇ ਖਰਚ ਦਾ ਅਨੁਮਾਨ ਮੈਂਬਰ-ਸਕੱਤਰ ਦੁਆਰਾ ਮੁਕੱਰਰ ਤਰੀਕੇ ਨਾਲ ਤਿਆਰ ਕਰਵਾਇਆ ਜਾਵੇਗਾ ਅਤੇ ਇਸਨੂੰ ਬੋਰਡ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ ਅਤੇ ਹਰੇਕ ਵਿੱਤੀ ਸਾਲ ਦੇ ਆਰੰਭ ਹੋਣ ਤੋਂ ਤਿੰਨ ਮਹੀਨੇ ਦੀ ਮੁੱਦਤ ਦੇ ਅੰਦਰ ਸਰਕਾਰ ਨੂੰ ਭੇਜਿਆ ਜਾਵੇਗਾ।

ਅਧਿਕਾਰੀ ਅਤੇ ਕਰਮਚਾਰੀ।

4. (1) ਬੋਰਡ ਸਰਕਾਰ ਦੀ ਪ੍ਰਵਾਨਗੀ ਨਾਲ, ਅਜਿਹੀਆਂ ਅਸਾਮੀਆਂ ਸਿਰਜ ਸਕੇਗਾ ਅਤੇ ਉਨ੍ਹਾਂ 'ਤੇ ਅਜਿਹੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਨਿਯੁਕਤ ਕਰ ਸਕੇਗਾ ਜਿਵੇਂ ਉਹ ਆਪਣੇ ਕਾਜਕਾਰਾਂ ਨੂੰ ਕਾਰਜ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ ਅਜਿਹੇ ਹੋਣਗੇ ਜੋ ਬੋਰਡ ਦੁਆਰਾ ਬਣਾਏ ਗਏ ਵਿਨਿਯਮਾਂ ਵਿੱਚ ਉਲਿਖਤ ਕੀਤੇ ਜਾਣ।

ਬੋਰਡ ਦਾ ਫ਼ੰਡ।

5. (1) ਸੱਭਿਆਚਾਰਕ ਵਿਰਸਾ ਸੰਭਾਲ ਅਤੇ ਵਿਕਾਸ ਫ਼ੰਡ ਕਿਹਾ ਜਾਣ ਵਾਲਾ ਇੱਕ ਫ਼ੰਡ ਹੋਵੇਗਾ, ਜੋ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਵਿੱਤ ਵਿਭਾਗ ਦੁਆਰਾ ਬੋਰਡ ਨੂੰ ਉਪਲਬਧ ਕਰਵਾਇਆ ਜਾਵੇਗਾ।

(2) ਫ਼ੰਡ ਬੋਰਡ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ। ਫ਼ੰਡ ਵਿੱਚ ਹੇਠ-ਲਿਖੇ ਅੰਸ਼ਦਾਨ ਹੋਣਗੇ, ਅਰਥਾਤ:–

(i) ਧਾਰਾ 6 ਅਧੀਨ ਲਗਾਏ ਅਤੇ ਉਗਰਾਹੇ ਗਏ ਉਪ-ਕਰ ਦੀ ਰਕਮ;

(ii) ਸਰਕਾਰ, ਰਾਜ ਸਰਕਾਰੀ ਖੇਤਰ ਦੇ ਉਪਕ੍ਰਮਾਂ ਜਿਵੇਂ ਕਿ ਨਿਗਮਾਂ, ਬੋਰਡਾਂ, ਟਰੱਸਟਾਂ ਅਤੇ ਸੋਸਾਇਟੀਆਂ ਤੋਂ ਉਨ੍ਹਾਂ ਦੇ ਮਾਲੀਏ ਦੇ ਪ੍ਰਤੀਸ਼ਤ ਹਿੱਸੇ ਜਾਂ ਉਨ੍ਹਾਂ ਦੇ ਲਾਭਾਂ ਵਿੱਚੋਂ ਕੇਸ-ਦਰ-ਕੇਸ ਆਧਾਰ 'ਤੇ ਜਾਂ ਕਿਸੇ ਹੋਰ ਸਰੋਤ ਬਾਬਤ ਪ੍ਰਾਪਤ ਹੋਈ ਕੋਈ ਗ੍ਰਾਂਟ/ਰਕਮ;

(iii) ਇਸ ਐਕਟ ਦੇ ਆਰੰਭ ਹੋਣ ਪਿੱਛੋਂ ਸੱਭਿਆਚਾਰਕ ਮਾਮਲੇ, ਪੁਰਾਤਤਵੀ ਅਤੇ ਅਜਾਇਬ ਘਰ ਵਿਭਾਗ, ਪੰਜਾਬ ਨੂੰ ਹੋਣ ਵਾਲੀ ਕੋਈ ਵਾਧੂ ਆਮਦਨ, ਜਿਸ ਵਿੱਚ ਕੋਈ ਹੋਰ ਫੁਟਕਲ ਆਮਦਨ ਸ਼ਾਮਲ ਹੈ;

(iv) ਦਾਨ ਅਤੇ ਪ੍ਰਾਈਵੇਟ ਅੰਸ਼ਦਾਨ; ਅਤੇ

(v) ਕੋਈ ਹੋਰ ਧਨ ਦੀ ਰਕਮ ਜੋ ਰਾਜ ਸਰਕਾਰ ਬਾਅਦ ਵਿੱਚ ਫ਼ੰਡ ਵਿੱਚ ਅੰਸ਼ਦਾਨ ਪਾਉਣ ਦਾ ਫ਼ੈਸਲਾ ਕਰੇ।

ਉਪ-ਕਰ ਲਾਉਣਾ।

6. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਪ੍ਰੋਜੈਕਟ ਲਾਗਤ ਦੇ ਇੱਕ ਪ੍ਰਤੀਸ਼ਤ ਦੀ ਦਰ ਨਾਲ ਉਪ-ਕਰ ਲਗਾਇਆ ਜਾਵੇਗਾ।

(2) ਇਸ ਧਾਰਾ ਅਧੀਨ ਲਗਾਇਆ ਗਿਆ ਉਪ-ਕਰ, ਸਬੰਧਤ ਵਿਭਾਗ ਅਤੇ ਏਜੰਸੀਆਂ ਦੁਆਰਾ ਮੁਕੱਰਰ ਤਰੀਕੇ ਨਾਲ ਪੀ. ਡਬਲਿਊ.ਡੀ, ਮੰਡੀ ਬੋਰਡ, ਪੰਜਾਬ ਅਧਾਰਕ ਬਣਤਰ ਵਿਕਾਸ ਬੋਰਡ, ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਦੁਆਰਾ ਰਾਜ ਜਾਂ ਇਸਦੇ ਆਪਣੇ ਵਸੀਲਿਆਂ ਤੋਂ ਜਿੰਮੇ ਲਈਆਂ ਸੜਕਾਂ, ਪੁਲ ਫਲਾਈਓਵਰ, ਪੁਲਾਂ ਉੱਤੇ ਸੜਕ/ਪੁਲਾਂ ਥੱਲੇ ਸੜਕ (ਆਰ.ਓ.ਬੀ'ਜ/(ਆਰ.ਯੂ.ਬੀ'ਜ) ਆਦਿ ਦੀ ਉਸਾਰੀ ਲਾਗਤ ਤੇ ਉਗਰਾਹਿਆ ਜਾਵੇਗਾ।

(2-ੳ) ਇਸ ਧਾਰਾ ਅਧੀਨ ਗ੍ਰੇਟਰ ਮੋਹਾਲੀ ਖੇਤਰ ਵਿਕਾਸ ਅਥਾਰਟੀ ਦੁਆਰਾ ਕੀਤੇ ਜਾਣ ਵਾਲੇ ਸਿਵਲ ਕਾਰਜਾਂ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਸਿੰਚਾਈ ਵਿਭਾਗ ਦੇ ਕਾਰਜਾਂ, ਅਰਥਾਤ ਸਿੰਚਾਈ, ਜਲ-ਨਿਕਾਸ, ਹੜ੍ਹ ਪ੍ਰਬੰਧਨ ਪ੍ਰੋਗਰਾਮ ਨਾਲ ਸਬੰਧਤ ਹਨ ਅਤੇ ਪੰਜਾਬ ਰਾਜ ਟਿਊਬਵੈੱਲ ਨਿਗਮ ਅਤੇ ਰਣਜੀਤ ਸਾਗਰ ਡੈਮ ਪ੍ਰੋਜੈਕਟ, ਸ਼ਾਹਪੁਰ ਕੰਢੀ ਦੇ ਕਾਰਜਾਂ 'ਤੇ ਵੀ ਉਪ-ਕਰ ਲਗਾਇਆ ਜਾਵੇਗਾ।

(3) ਇਹ ਰਾਜ ਦੀਆਂ ਏਜੰਸੀਆਂ ਦੁਆਰਾ ਉਨ੍ਹਾਂ ਦੇ ਆਪਣੇ ਜਾਂ ਰਾਜ ਦੇ ਵਸੀਲਿਆਂ ਤੋਂ ਉਸਾਰੀਆਂ ਗਈਆਂ ਪੰਦਰਾਂ ਕਰੋੜ ਰੁਪਏ ਤੋਂ ਵੱਧ ਲਾਗਤ ਵਾਲੀਆਂ ਸਾਰੀਆਂ ਇਮਾਰਤਾਂ ਤੇ ਵੀ ਲਗਾਇਆ ਜਾਵੇਗਾ।

(4) ਉਪ-ਧਾਰਾ (1) ਦੇ ਅਧੀਨ ਲਗਾਏ ਗਏ ਉਪ-ਕਰ ਦੀਆਂ ਵੱਟਕਾਂ, ਸਬੰਧਤ ਏਜੰਸੀਆਂ ਦੁਆਰਾ ਸੱਭਿਆਚਾਰਕ ਮਾਮਲੇ, ਪ੍ਰਾਤਤਵੀ ਅਤੇ ਅਜਾਇਬ ਘਰ ਵਿਭਾਗ, ਪੰਜਾਬ ਨੂੰ ਇਤਲਾਹ ਕਰਦੇ ਹੋਏ ਇਸਦੀ ਉਗਰਾਹੀ ਦੇ ਪੰਦਰਾਂ ਦਿਨਾਂ ਦੇ ਅੰਦਰ ਸਿੱਧੇ ਤੌਰ ਤੇ ਰਾਜ ਦੇ ਸੰਚਿਤ ਫ਼ੰਡ ਵਿੱਚ ਜਮ੍ਹਾਂ ਕਰਵਾਈਆਂ ਜਾਣਗੀਆਂ।

(5) ਇਸ ਤਰ੍ਹਾਂ ਇਕੱਠਾ ਕੀਤਾ ਗਿਆ ਉਪ-ਕਰ ਰਾਜ ਸਰਕਾਰ ਦੁਆਰਾ ਯੋਜਨਾ ਸਕੀਮ ਦੇ ਅਧੀਨ ਤੋਂ, ਜੋ ਨਵੇਂ ਸਿਰੇ ਤੋਂ ਬਣਾਈ ਜਾਵੇਗੀ, ਫ਼ੰਡਾਂ ਦੀ ਵਰਤੋਂ ਲਈ ਸਮੇਂ-ਸਮੇਂ ਤੇ ਬੋਰਡ ਨੂੰ ਜਾਰੀ ਕੀਤਾ ਜਾਵੇਗਾ।

7. ਫ਼ੰਡ ਹੇਠ-ਲਿਖੇ ਪ੍ਰਯੋਜਨਾਂ ਲਈ ਉਪਯੋਗ ਕੀਤਾ ਜਾਵੇਗਾ, ਅਰਥਾਤ:– ਫ਼ੰਡ ਦਾ ਉਪਯੋਗ ।

(ੳ) ਰਾਜ ਵਿੱਚ ਸੁਰੱਖਿਅਤ/ਅਣ-ਸੁਰੱਖਿਅਤ ਯਾਦਗਾਰਾਂ ਦਾ ਪਰਿਰੱਖਣ ਅਤੇ ਸੰਭਾਲ ਲਈ;

(ਅ) ਰਾਜ/ਰਾਸ਼ਟਰੀ ਮਹੱਤਵ ਵਾਲੀਆਂ ਇਮਾਰਤਾਂ ਦੀ ਉਸਾਰੀ/ਸਿਰਜਣਾ, ਰਾਜ/ਰਾਸ਼ਟਰੀ ਮਹੱਤਵ ਵਾਲੀਆਂ ਇਮਾਰਤਾਂ ਦੀ ਉਸਾਰੀ/ਸਿਰਜਣਾ ਲਈ ਲਏ ਗਏ ਕਰਜ਼ਿਆਂ ਦੀ ਵਾਪਸ ਅਦਾਇਗੀ ਅਤੇ ਵਿਰਾਸਤੀ ਯਾਦਗਾਰ/ਪ੍ਰੋਜੈਕਟ ਅਤੇ ਯਾਦਗਾਰਾਂ ਦੇ ਸੰਚਾਲਣ ਅਤੇ ਸੰਭਾਲ ਲਈ;

(ੲ) ਉਪਰੋਕਤ ਉਪ-ਧਾਰਾ (ਅ) ਅਧੀਨ ਇਮਾਰਤਾਂ ਦਾ ਸੰਚਾਲਣ ਅਤੇ ਰੱਖ-ਰਖਾਅ ਅਤੇ ਸੰਭਾਲ ਲਈ; ਅਤੇ

(ਸ) ਕਿਸੇ ਹੋਰ ਇਮਾਰਤ ਲਈ।

ਆਡਿਟ।

8. ਧਾਰਾ 5 ਅਧੀਨ ਗਠਤ ਫ਼ੰਡ ਦੇ ਲੇਖਿਆਂ ਦਾ ਆਡਿਟ ਪਰੀਖਿਅਕ, ਸਥਾਨਕ ਲੇਖਾ, ਪੰਜਾਬ ਦੁਆਰਾ ਕੀਤਾ ਜਾਵੇਗਾ।

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ।

9. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਸਰਕਾਰ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਬੋਰਡ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਰਵਾਈ ਨਹੀਂ ਹੋਵੇਗੀ।

ਨਿਯਮ ਬਣਾਉਣ ਦੀ ਸ਼ਕਤੀ।

10. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਰੱਖਿਆ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

11. ਬੋਰਡ ਸਮੇਂ-ਸਮੇਂ ਤੇ ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਨਾਲ ਅਨੁਸੰਗਤ ਨਾ ਹੋਣ ਵਾਲੇ ਵਿਨਿਯਮ ਬਣਾ ਸਕੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

12. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ ਜਿਸ ਵਿੱਚ ਇਸ ਐਕਟ ਦੇ ਕਿਸੇ ਵੀ ਉਪਬੰਧ ਦਾ ਕੋਈ ਅਨੁਕੂਲਣ ਜਾਂ ਰੂਪਭੇਦ ਸ਼ਾਮਲ ਹੈ, ਜੋ ਸਰਕਾਰ ਨੂੰ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਕਾਲਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3639/2-2026/Pb. Govt. Press, S.A.S. Nagar*